Off: 01882-220322, 220974
Email : eomchsp@gmail.com
Website : mchoshiarpur.org

OFFICE OF THE
# MUNICIPAL COUNCIL,HOSHIARPUR.
## ਦਫਤਰ ਨਗਰ ਕੌਂਸਲ, ਹੁਸ਼ਿਆਰਪੁਰ।

Ref No ; 86 ./ ME Dated 21.6.2012

ਵਿਸ਼ਾ:- **ਸ਼ਹਿਰ ਦੀ ਹਦੂਦ ਅੰਦਰ ਅਣ-ਅਧਿਕਾਰਤ ਕਲੋਨੀਆਂ ਨੂੰ ਰੈਗੂਲੇਰਾਈਜ ਕਰਨ ਅਤੇ ਨਵੀਆਂ ਕਲੋਨੀਆਂ ਦੀ ਪ੍ਰਵਾਨਗੀ ਦੇਣ ਬਾਰੇ।**

ਆਮਤੌਰ ਤੇ ਸ਼ਹਿਰ ਵਿੱਚ ਕਾਫੀ ਕਲੋਨੀਕਾਰਾਂ ਵਲੋਂ ਬਿਨਾਂ ਮਹਿਕਮਾਂ ਪੁੱਡਾ ਦੀ ਪ੍ਰਵਾਨਗੀ ਪ੍ਰਾਪਤ ਕੀਤੇ ਅਣ-ਅਧਿਕਾਰ ਕਲੋਨੀਆਂ ਕੱਟ ਦਿੱਤੀਆਂ ਜਾਂਦੀ ਹਨ, ਜ਼ੋ ਕਿ ਬਿਲਕੁਲ ਗੈਰ ਕਾਨੂੰਨੀ ਹੈ। ਨਗਰ ਕੋਂਸਲ ਵਲੋਂ ਇਹਨਾਂ ਕਲੋਨੀਕਾਰਾਂ ਵਿਰੁੱਧ ਰੂਲਾਂ ਅਨੁਸਾਰ ਕਾਨੂੰਨੀ ਕਾਰਵਾਈ ਵੀ ਕੀਤੀ ਜਾਂਦੀ ਹੈ। ਇਸ ਸਮੇਂ ਨਗਰ ਕੌਂਲ ਵਲੋਂ ਸਰਕਾਰ ਦੇ ਹੁਕਮਾਂ ਦੀ ਪਾਲਣਾਂ ਕਰਦੇ ਹੋਏ ਇਹਨਾਂ ਕਲੋਨੀਆਂ ਵਿੱਚ ਬਿਲਡਿੰਗਾਂ ਦੀ ਉਸਾਰੀ ਸਬੰਧੀ ਨਿਸ਼ਚਿਤ ਕੀਤੀ ਗਈ ਡਿਵੈਲਪਮੈਂਟ ਫੀਸ ਜਮਾਂ ਕਰਵਾਉਦੇ ਹੋਏ ਨਕਸ਼ੇ ਪਾਸ ਕੀਤੇ ਜਾ ਰਹੇ ਹਨ।

ਚੀਫ ਟਾਊਨ ਪਲਾਨਰ, ਪੰਜਾਬ ਦੇ ਮੀਮੋ ਨੰ: ਸੀ.ਟੀ.ਪੀ.(ਐਲ.ਜੀ.)12-22 ਮਿਤੀ 4.1.2011 ਅਤੇ ਡਾਇਰੈਕਟਰ-ਕਮ-ਸਪੈਸ਼ਲ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਦੇ ਮੀਮੋ ਨੰ:ਸੀ.ਟੀ.ਪੀ. (ਐਲ.ਜੀ.) -2011/134-280 ਮਿਤੀ 7.2.2011 ਰਾਹੀਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਰਿਹਾਇਸ਼ੀ ਕਲੋਨੀਆਂ ਦੀ ਪ੍ਰਵਾਨਗੀ ਹਿੱਤ ਰੇਟ ਨਿਰਧਾਰਤ ਕੀਤੇ ਗਏ ਹਨ। ਇਹਨਾਂ ਹਦਾਇਤਾਂ ਅਨੁਸਾਰ **ਹੁਸ਼ਿਆਰਪੁਰ ਵਿੱਚ ਰੁਪਏ 3.00 ਲੱਖ ਪ੍ਰਤੀ ਏਕੜ ਫੀਸ ਨਿਰਧਾਰਤ ਕੀਤੀ ਗਈ ਹੈ।**

ਇਸ ਲਈ ਸਮੂਹ ਕਲੋਨੀਕਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾਂ ਕਰਦੇ ਹੋਏ ਨਗਰ ਕੌਂਸਲ ਪਾਸੋਂ ਬਣਦੀ ਫੀਸ ਜਮਾਂ ਕਰਵਾਉਂਦੇ ਹੋਏ ਲੋੜੀਂਦੀ ਪ੍ਰਵਾਨਗੀ ਲੈਣ ਉਪਰੰਤ ਹੀ ਕਲੋਨੀ ਕੱਟੀ ਜਾਵੇ। ਅਜਿਹਾ ਨਾਂ ਕਰਨ ਅਤੇ ਅਣ-ਅਧਿਕਾਰਤ ਕਲੋਨੀ ਕੱਟਣ ਦੀ ਸੂਰਤ ਵਿੱਚ ਨਗਰ ਕੋਂਸਲ ਵਲੋਂ ਕਲੋਨੀਕਾਰ ਵਿਰੁੱਧ ਕਾਨੂੰਨੀ ਕਾਰਵਾਈ ਆਰੰਭੀ ਜਾਵੇਗੀ। ਸਰਕਾਰ ਦੇ ਹੁਕਮਾਂ ਦੀ ਪਾਲਣਾਂ ਨਾਂ ਕਰਦੇ ਹੋਏ ਗੈਰ-ਕਾਨੂੰਨੀ ਕਲੋਨੀ ਕੱਟਣ ਦੇ ਦੋਸ਼ ਵਿੱਚ ਕਾਰਵਾਈ ਦੀ ਨਿੱਜੀ ਅਤੇ ਨਿਰੋਲ ਜਿੰਮੇਵਾਰੀ ਕਲੋਨੀਕਾਰ ਦੀ ਹੋਵੇਗੀ।

ਸਰਕਾਰ ਦੀਆਂ ਹਦਾਇਤਾਂ ਦੀ ਕਾਪੀ ਨਗਰ ਕੌਂਸਲ ਦੀ ਵੈਬ ਸਾਈਟ www.mchoshiarpur.org ਤੇ ਵੇਖੀ ਜਾਂ ਡਾਊਨਲੋਡ ਕੀਤੀ ਜਾ ਸਕਦੀ ਹੈ।

ਇਹਨਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾਂ ਕੀਤੀ ਜਾਵੇ।

ਬਾ ਹੁਕਮ

ਕਾਰਜ ਸਾਧਕ ਅਫਸਰ,
ਨਗਰ ਕੌਂਸਲ,ਹੁਸ਼ਿਆਰਪੁਰ।